# Sikh Society Of Michigan, Inc.

33340 Dequindre Road, Sterling Heights, MI 48310
248-547-0927
www.michigangurudwara.com

Grade – KG – Advance group
Date – Nov 7th. 2015

**Note to parents:** ***Please help kids with Japaji Sahib at home. We can only spend 30-45 minutes on path in the class every week; there is not enough time in the class to have each child practice path. Our goal is to complete three pauries of Japji Sahib before the mid-term exam.***

- Must know two complete pauries of JAPJI SAHIB by Nov 13th.
- Write ੳ -ਟ with English sounds three times in your notebook.
- Write Punjabi numbers ੧-੧੦ three pages in your notebook.
- Practice your assigned pauri every day.
- Practice Histroy questions from ੧-੨
- Reading Level 1: this week's topic is – ***GURDUARA SAHIB***

(We read this topic in the class, please read at home with your parents and discuss the questions at the end of next page )

# Sikh Society Of Michigan, Inc.

33340 Dequindre Road, Sterling Heights, MI 48310
248-547-0927
www.michigangurudwara.com




## 2. ਗੁਰਦੁਆਰਾ

ਸਿੱਖਾਂ ਦੇ ਪੂਜਾ ਅਸਥਾਨ, ਜਿਥੇ ਸਿੱਖ ਸੰਗਤ ਨਿਤਨੇਮ ਅਤੇ ਧਾਰਮਕ ਇਕੱਠ ਕਰਦੀ ਹੈ, ਨੂੰ ਗੁਰਦੁਆਰਾ ਕਿਹਾ ਜਾਂਦਾ ਹੈ। ਸ਼ਬਦ ਗੁਰਦੁਆਰਾ ਦੋ ਸ਼ਬਦਾਂ ਦੇ ਸੁਮੇਲ ਨਾਲ ਬਣਾਇਆ ਗਿਆ ਹੈ। ਉਹ ਸ਼ਬਦ ਹਨ ਗੁਰੂ ਅਤੇ ਦੁਆਰਾ ਭਾਵ ਗੁਰੂ ਦਾ ਘਰ।

ਗੁਰਦੁਆਰਾ ਸਥਾਪਤ ਕਰਨ ਦੀ ਪ੍ਰਥਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1521 ਈਸਵੀ ਵਿਚ ਕਰਤਾਰਪੁਰ ਤੋਂ ਸ਼ੁਰੂ ਕੀਤੀ। ਇਹ ਕਰਤਾਰਪੁਰ ਹੁਣ ਪਾਕਿਸਤਾਨ ਵਿਚ ਹੈ। ਗੁਰੂ ਸਾਹਿਬ ਨੇ ਸ਼ਰਧਾਲੂਆਂ ਨੂੰ ਸੰਗਤ ਦੇ ਰੂਪ ਵਿਚ ਮਿਲ ਬੈਠ ਕੇ ਅਕਾਲ ਪੁਰਖ ਦੀ ਉਸਤਤ ਕਰਨ ਦੀ ਪਿਰਤ ਪਾਈ।

ਇਸ ਪੂਜਾ ਅਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਦੂਰੋਂ ਇਸ ਥਾਂ ਦੀ ਪਹਿਚਾਣ ਵਾਸਤੇ ਉੱਚਾ ਨਿਸ਼ਾਨ ਸਾਹਿਬ ਲਹਿਰਾਇਆ ਜਾਂਦਾ ਹੈ।

ਨਹਾ ਧੋ ਕੇ ਤਿਆਰ ਹੋਣ ਪਿੱਛੋਂ, ਰੋਜ਼ ਗੁਰਦੁਆਰੇ ਜਾ ਕੇ ਮੱਥਾ ਟੇਕਣਾ ਸਾਡਾ ਫ਼ਰਜ਼ ਹੈ। ਗੁਰਦੁਆਰੇ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸਾਨੂੰ ਪੈਰ ਧੋ ਕੇ, ਚੰਗੀ ਤਰ੍ਹਾਂ ਸਾਫ਼ ਕਰਕੇ ਅਤੇ ਸਿਰ ਢੱਕ ਕੇ ਅੰਦਰ ਜਾਣਾ ਚਾਹੀਦਾ ਹੈ। ਜਿਨ੍ਹਾਂ ਗੁਰਦੁਆਰਿਆਂ ਨੂੰ ਗੁਰੂ ਸਾਹਿਬ ਦੀ ਚਰਨ-ਛੋਹ ਪ੍ਰਾਪਤ ਹੈ, ਉਹਨਾਂ ਦੀ ਮਹੱਤਤਾ ਵਧ ਹੁੰਦੀ ਹੈ। ਵੱਡੇ ਗੁਰਦੁਆਰਿਆਂ ਨਾਲ ਯਾਤਰੀਆਂ ਦੇ ਰਹਿਣ ਦਾ ਅਤੇ ਲੰਗਰ ਦਾ ਪ੍ਰਬੰਧ ਹੁੰਦਾ ਹੈ।

**I. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :**

1. "ਗੁਰਦੁਆਰਾ" ਸ਼ਬਦ ਕਿਨ੍ਹਾਂ ਦੋ ਸ਼ਬਦਾਂ ਦੇ ਸੁਮੇਲ ਨਾਲ ਹੋਂਦ ਵਿਚ ਆਇਆ ਹੈ ?
2. ਗੁਰਦੁਆਰਾ ਸਥਾਪਤ ਕਰਨ ਦੀ ਪ੍ਰਥਾ ਕਿਹੜੇ ਗੁਰੂ ਸਾਹਿਬ ਨੇ ਅਤੇ ਕਦੋਂ ਚਲਾਈ ?
3. ਗੁਰਦੁਆਰੇ ਵਿਚ ਸੰਗਤ ਦੇ ਬੈਠਣ ਦੀ ਥਾਂ ਤੋਂ ਛੁੱਟ ਕਿਹੜੀਆਂ ਦੋ ਚੀਜ਼ਾਂ ਜ਼ਿਆਦਾ ਮਹੱਤਵਪੂਰਨ ਹਨ ?
4. ਸਾਨੂੰ ਗੁਰਦੁਆਰੇ ਕਿਵੇਂ ਸਵੱਛ ਹੋ ਕੇ ਜਾਣਾ ਚਾਹੀਦਾ ਹੈ ?
5. ਕੀ ਹਰ ਗੁਰਦੁਆਰੇ ਵਿਚ ਯਾਤਰੀਆਂ ਦੇ ਠਹਿਰਣ ਅਤੇ ਲੰਗਰ ਦਾ ਵੱਖਰਾ ਪ੍ਰਬੰਧ ਹੁੰਦਾ ਹੈ ?